ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਮੰਤਰੀ ਮੰਡਲ ਮਾਮਲੇ ਸ਼ਾਖਾ)

ਅਧਿਸੂਚਨਾ

ਮਿਤੀ, ਚੰਡੀਗੜ੍ਹ: 25/06/2021

ਨੰ: 7/21/2018-1ਕੈਬ/4729 ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਵਿਚਾਰਨ ਅਤੇ ਇਸ ਸਬੰਧੀ ਆਪਣੀਆਂ ਸ਼ਿਫਾਰਸ਼ਾਂ ਮੰਤਰੀ ਪ੍ਰੀਸ਼ਦ ਨੂੰ ਸੌਂਪਣ ਲਈ ਹੇਠ ਅਨੁਸਾਰ ਗਰੁੱਪ ਆਫ ਮਨਿਸਟਰਜ਼ ਦਾ ਗਠਨ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1. ਸਥਾਨਕ ਸਰਕਾਰ ਮੰਤਰੀ, ਪੰਜਾਬ
2. ਵਿੱਤ ਮੰਤਰੀ , ਪੰਜਾਬ
3. ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ, ਪੰਜਾਬ
4. ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ, ਪੰਜਾਬ
5. ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ

2 (i) ਇਸ ਦੇ ਨਾਲ ਹੀ ਪ੍ਰਮੁੱਖ ਸਕੱਤਰ, ਵਿੱਤ ਦੀ ਪ੍ਰਧਾਨਗੀ ਹੇਠ ਨਿਮਨ ਅਨੁਸਾਰ ਅਫ਼ਸਰਾਂ ਦੀ ਕਮੇਟੀ ਵੀ ਗਠਿਤ ਕੀਤੀ ਜਾਂਦੀ ਹੈ:-

1. ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ।
2. ਪ੍ਰਮੁੱਖ ਸਕੱਤਰ, ਪ੍ਰਸੋਨਲ ਵਿਭਾਗ।

(ii) ਇਹ ਕਮੇਟੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਸੁਣਨ ਉਪਰੰਤ ਆਪਣੀ ਰਿਪੋਰਟ ਗਰੁੱਪ ਆਫ ਮਨਿਸਟਰਜ਼ ਨੂੰ ਸੌਂਪੇਗੀ।

3. ਉਪਰੋਕਤ ਅਫਸਰਾਂ ਦੀ ਕਮੇਟੀ ਦੀ ਰਿਪੋਰਟ 'ਤੇ ਗੌਰ ਕਰਨ ਉਪਰੰਤ ਗਰੁੱਪ ਆਫ ਮਨਿਸਟਰਜ਼ ਆਪਣੀਆਂ ਸ਼ਿਫਾਰਸ਼ਾਂ ਮੰਤਰੀ ਪ੍ਰੀਸ਼ਦ ਨੂੰ ਸੌਂਪੇਗਾ। ਲੋੜ ਅਨੁਸਾਰ ਗਰੁੱਪ ਆਫ ਮਨਿਸਟਰਜ਼ ਮੁਲਾਜ਼ਮ ਜੱਥੇਬੰਦੀਆਂ ਨੂੰ ਵੀ ਸੱਦਾ ਦੇ ਕੇ ਸੁਣੇਗਾ।

4. ਇਸ ਗਰੁੱਪ ਆਫ ਮਨਿਸਟਰਜ਼ ਅਤੇ ਅਫਸਰਾਂ ਦੀ ਕਮੇਟੀ ਨੂੰ ਸਕੱਤਰੇਤ ਇਮਦਾਦ ਪ੍ਰਸੋਨਲ ਵਿਭਾਗ ਵੱਲੋਂ ਦਿੱਤੀ ਜਾਵੇਗੀ।

5. ਇਹ ਹੁਕਮ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਮਿਤੀ, ਚੰਡੀਗੜ੍ਹ 25.06.2021

ਵਿਨੀ ਮਹਾਜਨ
ਮੁੱਖ ਸਕੱਤਰ ਪੰਜਾਬ

ਪਿੰ.ਅੰ.ਨੰ: ਨੰ: 7/21/2018-1ਕੈਬ/4730 ਮਿਤੀ, ਚੰਡੀਗੜ੍ਹ: 25/06/2021

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਮੰਤਰੀ ਸਾਹਿਬਾਨਾਂ ਦੀ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ/ ਸਥਾਨਕ ਸਰਕਾਰ ਮੰਤਰੀ, ਪੰਜਾਬ
2. ਸਕੱਤਰ/ ਵਿੱਤ ਮੰਤਰੀ , ਪੰਜਾਬ
3. ਨਿੱਜੀ ਸਕੱਤਰ/ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ, ਪੰਜਾਬ
4. ਨਿੱਜੀ ਸਕੱਤਰ/ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ, ਪੰਜਾਬ
5. ਨਿੱਜੀ ਸਕੱਤਰ/ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ

ਰਮਨਜੀਤ ਸਿੰਘ
ਸੁਪਰਡੰਟ 25.6.2021

ਪਿੰ.ਅੰ.ਨੰ: ਨੰ: 7/21/2018-1ਕੈਬ/4731 ਮਿਤੀ, ਚੰਡੀਗੜ੍ਹ: 25/06/2021

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਨੂੰ ਭੇਜਦੇ ਹੋਏ ਬੇਨਤੀ ਹੈ ਕਿ ਉਹ ਇਸ ਗਰੁੱਪ ਆਫ ਮਨਿਸਟਰਜ਼ ਅਤੇ ਅਫਸਰਾਂ ਦੀ ਕਮੇਟੀ ਦੀ ਮੀਟਿੰਗ ਕਰਵਾਉਣ, ਏਜੰਡਾ ਅਤੇ ਕਾਰਵਾਈ ਜਾਰੀ ਕਰਨ ਸਬੰਧੀ ਕਾਰਵਾਈ ਕਰਨਗੇ।

ਰਮਨਜੀਤ ਸਿੰਘ
ਸੁਪਰਡੰਟ 25.6.2021

Scanned by CamScanner

ਪਿੱ.ਅੰ.ਨੰ: ਨੰ: 7/21/2018-1ਕੈਬ/4732 ਮਿਤੀ, ਚੰਡੀਗੜ੍ਹ: 25/06/2021

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

25.6.2021
ਸੁਪਰਡੰਟ

ਪਿੱ.ਅੰ.ਨੰ: ਨੰ: 7/21/2018-1ਕੈਬ/4733 ਮਿਤੀ, ਚੰਡੀਗੜ੍ਹ: 25/06/2021

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

25.6.2021
ਸੁਪਰਡੰਟ

ਪਿੱ.ਅੰ.ਨੰ: ਨੰ: 7/21/2018-1ਕੈਬ/4734 ਮਿਤੀ, ਚੰਡੀਗੜ੍ਹ: 25/06/2021

ਉਪਰੋਕਤ ਦਾ ਇੱਕ ਉਤਾਰਾ ਸਕੱਤਰ/ਮੁੱਖ ਸਕੱਤਰ ਨੂੰ ਮੁੱਖ ਸਕੱਤਰ ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

25.6.2021
ਸੁਪਰਡੰਟ

ਪਿੱ.ਅੰ.ਨੰ: ਨੰ: 7/21/2018-1ਕੈਬ/4735 ਮਿਤੀ, ਚੰਡੀਗੜ੍ਹ: 25/06/2021

ਉਪਰੋਕਤ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ ਪੰਜਾਬ ਨੂੰ ਭੇਜਕੇ ਬੇਨਤੀ ਹੈ ਕਿ ਅਧਿਸੂਚਨਾ ਸਧਾਰਨ ਗਜ਼ਟ ਵਿੱਚ ਛਾਪਣ ਉਪਰੰਤ ਇਸ ਦੀ ਕਾਪੀ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਦੀ ਈਮੇਲ ਆਈਡੀ. Cabinetaffairsbranch2016@gmail.com ਤੇ ਦਫਤਰੀ ਵਰਤੋਂ ਲਈ ਭੇਜੀ ਜਾਵੇ।

25.6.2021
ਸੁਪਰਡੰਟ

Scanned by CamScanner